www.a2zpapers.com

Exam. Code : 107402
Subject Code : 2116

**B.Sc. (Bio-Technology) Semester-II**

**PUNJABI COMPULSORY**

**Paper–BT–6 (i)**

Time Allowed –3 Hours] [Maximum Marks—50

**ਨੋਟ** : ਸਾਰੇ ਪ੍ਰਸ਼ਨ ਲਾਜ਼ਮੀ ਹਨ।

1. ਹੇਠ ਲਿਖੇ ਨਿਬੰਧਾਂ ਵਿੱਚ ਕਿਸੇ **ਇਕ** ਨਿਬੰਧ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ :

   (ੳ) ਸਾਹਿਤ ਤੇ ਲੋਕ ਸਾਹਿਤ

   (ਅ) ਮਨੁੱਖੀ ਅਧਿਕਾਰ। 10

2. ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਉਜਾੜ' ਦਾ ਵਿਸ਼ਾ-ਵਸਤੂ ਵਰਨਣ ਕਰੋ। 10

3. ਸੰਬੰਧਕ ਸ਼੍ਰੇਣੀ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਦਿਓ। 10

4. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇਕ** ਵਿਸ਼ੇ ਤੇ ਪੈਰ੍ਹਾ ਰਚੋ :

   (ੳ) ਪ੍ਰਦੂਸ਼ਣ ਸਮੱਸਿਆ

   (ਅ) ਬੇਰੁਜ਼ਗਾਰੀ

   (ੲ) ਅਖ਼ਬਾਰਾਂ ਦਾ ਮਹੱਤਵ। 5



www.a2zpapers.com

www.a2zpapers.com

5. ਹੇਠ ਲਿਖਿਆ ਪੈਰ੍ਹਾ ਪੜ੍ਹ ਕੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਢੁਕਵੇਂ ਉੱਤਰ ਲਿਖੋ :

ਮਾਤ-ਭਾਸ਼ਾ ਦੀ ਸਿੱਖਿਆ ਤੋਂ ਬਗ਼ੈਰ ਕੋਈ ਵਿਦਿਆਰਥੀ ਸਿੱਖਿਆ ਦੇ ਖੇਤਰ ਵਿੱਚ ਸਿਖਰਾਂ ਨਹੀਂ ਛੂਹ ਸਕਦਾ ਉਹ ਸਾਰੀ ਉਮਰ ਲੰਗੜਾ ਕੇ ਤੁਰਦਾ ਹੈ ਅਤੇ ਆਪਣੇ ਪੈਰਾਂ 'ਤੇ ਸਿੱਧਾ ਪੜ੍ਹਾ ਨਹੀਂ ਹੋ ਸਕਦਾ। ਮਾਤ-ਭਾਸ਼ਾ ਵਿਚਾਰਾਂ ਨੂੰ ਪ੍ਰਗਟਾਉਣ ਦਾ ਇਕੋ-ਇੱਕ ਉੱਤਮ ਸਾਧਨ ਹੈ। ਇਹੋ ਕਾਰਨ ਹੈ ਕਿ ਵਿਦਵਾਨਾਂ ਨੇ ਮਾਤ-ਭਾਸ਼ਾ ਨੂੰ ਹੀ ਸਿੱਖਿਆ ਦੇਣ ਦਾ ਯੋਗ ਅਤੇ ਸਹੀ ਮਾਧਿਅਮ ਮੰਨਿਆ ਹੈ। ਕਿਸੇ ਦੂਜੀ ਭਾਸ਼ਾ ਨੂੰ ਸਿੱਖਣ-ਸਿਖਾਉਣ ਵਿੱਚ ਕਾਫ਼ੀ ਸਮਾਂ ਲੱਗ ਜਾਂਦਾ ਹੈ ਜਿਹੜਾ ਕਿ ਗਿਆਨ-ਵਿਗਿਆਨ ਦੀ ਪ੍ਰਾਪਤੀ ਲਈ ਵਰਤਿਆ ਜਾ ਸਕਦਾ ਹੈ। ਸਿੱਖਿਆ ਦੇ ਖੇਤਰ ਵਿੱਚ ਜਿੰਨੇ ਵੀ ਦਾਰਸ਼ਨਿਕ ਹਨ, ਉਹਨਾਂ ਨੇ ਸਦਾ ਮਾਤ-ਭਾਸ਼ਾ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ ਉੱਤੇ ਜ਼ੋਰ ਦਿੱਤਾ ਹੈ। ਇਹ ਗੱਲ ਬੜੇ ਹੀ ਦੁੱਖ ਨਾਲ ਕਹਿਣੀ ਪੈਂਦੀ ਹੈ ਕਿ ਸਾਡੇ ਦੇਸ਼-ਵਾਸੀਆਂ ਨੂੰ ਅਜੇ ਤੱਕ ਇਸਦੀ ਸਮਝ ਨਹੀਂ ਆਈ। ਅਸੀਂ ਅਜੇ ਤੱਕ ਵੀ ਵਿਦੇਸ਼ੀ ਭਾਸ਼ਾ ਦੇ ਮਾਧਿਅਮ ਰਾਹੀਂ ਆਪਣੇ ਬੱਚਿਆਂ ਨੂੰ ਸਿੱਖਿਆ ਦਿਵਾਉਣੀ ਚਾਹੁੰਦੇ ਹਾਂ। ਅਮੀਰ ਪਰਿਵਾਰਾਂ ਦੇ ਬੱਚੇ ਅੰਗਰੇਜ਼ੀ ਭਾਸ਼ਾ ਰਾਹੀਂ ਦਿੱਤੀ ਜਾਂਦੀ ਸਿੱਖਿਆ ਪ੍ਰਾਪਤ ਕਰਨ ਵਿੱਚ ਆਪਣੀ ਸ਼ਾਨ ਸਮਝਦੇ ਹਨ। ਸਾਨੂੰ ਇਸ ਸੰਬੰਧੀ ਗੰਭੀਰ ਵਿਚਾਰ ਕਰਨ ਦੀ ਲੋੜ ਹੈ। ਅਸੀਂ ਬਹਾਨੇ ਲਾ ਰਹੇ ਹਾਂ ਕਿ ਅੰਗਰੇਜ਼ੀ ਮਾਧਿਅਮ ਹੀ ਸਾਡੇ ਲਈ ਕਲਿਆਣਕਾਰੀ ਹੈ ਪਰ ਜੇ ਥੋੜ੍ਹਾ ਗੰਭੀਰਤਾ ਨਾਲ ਵਿਚਾਰੀਏ ਤਾਂ ਸਾਨੂੰ ਆਪਣੀ ਗ਼ਲਤੀ ਦਾ ਛੇਤੀ ਹੀ ਪਤਾ ਲੱਗ ਜਾਂਦਾ ਹੈ।

**ਪ੍ਰਸ਼ਨ :**

(i) ਮਾਤ-ਭਾਸ਼ਾ ਤੋਂ ਬਿਨਾਂ ਬੱਚੇ ਦਾ ਕੀ ਹਾਲ ਹੁੰਦਾ ਹੈ ?

(ii) ਮਾਤ-ਭਾਸ਼ਾ ਸਿੱਖਿਆ ਦਾ ਯੋਗ ਅਤੇ ਸਹੀ ਸਾਧਨ ਕਿਉਂ ਮੰਨਿਆ ਗਿਆ ਹੈ ?



www.a2zpapers.com

www.a2zpapers.com

(iii) ਅਮੀਰ ਪਰਿਵਾਰਾਂ ਦੇ ਬੱਚੇ ਕੀ ਸਮਝਦੇ ਹਨ ?

(iv) ਸਿੱਖਿਆ-ਖੇਤਰ ਦੇ ਦਾਰਸ਼ਨਿਕ ਕਿਸ ਭਾਸ਼ਾ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ 'ਤੇ ਜ਼ੋਰ ਦਿੰਦੇ ਹਨ ?

(v) ਅਜੇ ਤੱਕ ਵੀ ਅਸੀਂ ਕਿਸ ਮਾਧਿਅਮ ਰਾਹੀਂ ਆਪਣੇ ਬੱਚਿਆਂ ਨੂੰ ਸਿੱਖਿਆ ਦਿਵਾਉਣੀ ਚਾਹੁੰਦੇ ਹਾਂ ? 5

6. ਹੇਠ ਲਿਖੇ ਮੁਹਾਵਰਿਆਂ ਅਤੇ ਅਖਾਣਾਂ ਵਿੱਚੋਂ ਕੋਈ **ਪੰਜ** ਮੁਹਾਵਰੇ ਅਤੇ **ਪੰਜ** ਅਖਾਣਾਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਇਹਨਾਂ ਦੇ ਅਰਥ ਸਪਸ਼ਟ ਹੋ ਜਾਣ :

(ੳ) ਉੱਲੂ ਬੋਲਣਾ, ਅੱਗ ਲਾਉਣਾ, ਇਕੋ ਤੱਕੜੀ ਦੇ ਵੱਟੇ ਹੋਣਾ, ਸੋਹਲੇ ਸੁਣਾਉਣਾ, ਹੱਥ ਪੀਲੇ ਕਰਨਾ, ਟੰਗ ਅੜਾਉਣਾ, ਛਿੱਲ ਲਾਹੁਣਾ, ਕੰਨ ਭਰਨਾ।

(ਅ) ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ, ਕੰਧਾਂ ਦੇ ਵੀ ਕੰਨ ਹੁੰਦੇ ਹਨ, ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧ, ਜਿਹਨੇ ਲਾਈ ਗੱਲੀਂ ਉਸੇ ਨਾਲ ਉੱਠ ਚੱਲੀ, ਟਾਟ ਦੀ ਜੁੱਲੀ ਰੇਸ਼ਮ ਦਾ ਬਖੀਆ, ਢਿੱਡ ਭਰਿਆ ਕੰਮ ਸਰਿਆ, ਕੱਲ੍ਹ ਨਾਮ ਕਾਲ ਦਾ ਏ, ਖਾਣ-ਪੀਣ ਨੂੰ ਚੰਗੀ ਭਲੀ ਰਾਮ ਜਪਣ ਨੂੰ ਗੂੰਗੀ। 5+5=10



www.a2zpapers.com